# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਤਿਕਸ਼ਨ ਸੂਦ ਨੇ ਘੰਟਾ ਘਰ ਤੋ ਕਮਾਲਪੁਰ ਚੋਂਕ ਤੱਕ ਪਾਏ ਜਾ ਰਹੇ ਪ੍ਰੀਮਿਕਸ ਦੀ ਕੀਤੀ ਅਚਨਚੇਤ ਚੈਕਿੰਗ।

ਹੁਸ਼ਿਆਰਪੁਰ 16 ਅਕਤੂਬਰ ਨਗਰ ਨਿਗਮ ਹੁਸ਼ਿਆਰਪੁਰ ਦੀਆਂ ਵੱਖ ਵੱਖ ਸੜਕਾਂ ਤੇ ਪਾਏ ਜਾ ਰਹੇ ਪ੍ਰੀ-ਮਿਕਸ ਦੀ ਗੁਣਵੱਤਾ ਕਾਇਮ ਰੱਖਣ ਦੇ ਮੰਤਵ ਨਾਲ ਅਚਨਚੇਤ ਚੈਕਿੰਗ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਅੱਜ ਘੰਟਾ ਘਰ ਤੋ ਕਮਾਲਪੁਰ ਚੌਂਕ ਤੱਕ ਸੜਕ ਤੇ ਪਾਏ ਜਾ ਰਹੇ ਪ੍ਰੀਮਿਕਸ ਦੀ ਅਚਨਚੇਤ ਚੈਕਿੰਗ ਕਰਨ ਮੋਕੇ ਦਿੱਤੀ। ਉਹਨ੍ਹਾਂ ਨੇ ਨਗਰ ਨਿਗਮ ਦੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਪ੍ਰੀ-ਮਿਕਸ ਨਾਲ ਬਣਾਈਆਂ ਜਾ ਰਹੀਆਂ ਸੜਕਾਂ ਅਤੇ ਗਲੀਆਂ ਵਿਚ ਉੱਚ ਕੁਆਲਟੀ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਅਤੇ ਸਰਕਾਰ ਵਲੋਂ ਦਿੱਤੀਆਂ ਹਦਾਇਤਾਂ ਅਤੇ ਨਿਰਧਾਰਿਤ ਸਪੈਸੀਫਿਕੇਸ਼ਨ ਅਨੁਸਾਰ ਹੀ ਸੜਕਾਂ ਦਾ ਨਿਰਮਾਣ ਕਰਵਾਉਣਾ ਯਕੀਨੀ ਬਣਾਇਆ ਜਾਵੇ। ਉਹਨਾਂ ਨੇ ਕਿਹਾ ਕਿ ਸਬੰਧਤ ਅਧਿਕਾਰੀ ਵੀ ਸ਼ਹਿਰ ਦੇ ਵੱਖ ਵੱਖ ਵਾਰਡਾਂ ਵਿਚ ਪ੍ਰੀ-ਮਿਕਸ ਨਾਲ ਬਣ ਰਹੀਆਂ ਸੜਕਾਂ ਵਿਚ ਵਰਤੇ ਜਾ ਰਹੇ ਮਟੀਰੀਅਲ ਅਤੇ ਉਸ ਦੀ ਕੁਆਲਟੀ ਦੀ ਅਚਨਚੇਤ ਚੈਕਿੰਗ ਕਰਨ ਤਾਂ ਜ਼ੋ ਸ਼ਹਿਰ ਵਾਸੀਆਂ ਨੂੰ ਉੱਚ ਕੁਆਲਟੀ ਦੀਆਂ ਸੜਕਾਂ ਅਤੇ ਗਲੀਆਂ ਦੀ ਸੁਵਿਧਾ ਉਪਲਬੱਧ ਕਰਵਾਈ ਜਾ ਸਕੇ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਏ.ਐਮ.ਈ ਕੁਲਦੀਪ ਸਿੰਘ, ਜੇ.ਈ ਲਵਦੀਪ ਸਿੰਘ, ਕੋਂਸਲਰ ਸੁਰੇਸ਼ ਭਾਟੀਆ ਬਿਟੂ, ਗਿਆਨ ਬਾਂਸਲ, ਰਾਮਦੇਵ ਯਾਦਵ ਅਤੇ ਯਸ਼ਪਾਲ ਸ਼ਰਮਾ ਵੀ ਇਸ ਮੋਕੇ ਤੇ ਉਹਨ੍ਹਾ ਦੇ ਨਾਲ ਸਨ।